# 2025-26 ਦੌਰਾਨ ਸਾਂਝੇ ਤੌਰ 'ਤੇ (ਕਿਸੇ ਵਿਭਾਗ ਨਾਲ ਮਿਲ ਕੇ)

# ਜਾਂ ਇਕਹਰੇ ਪੱਧਰ 'ਤੇ

# ਪੰਜਾਬੀ ਸਾਹਿਤ ਸਭਾ, ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ ਕਰਵਾਈਆਂ ਗਤੀਵਿਧੀਆਂ

ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ ਡਾ. ਜਗਜੀਤ ਸਿੰਘ

ਪੰਜਾਬੀ ਸਾਹਿਤ ਸਭਾ ਦੇ ਹੋਰ ਮੈਂਬਰ-

| | |
|---|---|
| ਸਰਪ੍ਰਸਤ | ਡਾ. ਜਗਜੀਤ ਸਿੰਘ |
| ਮੀਤ ਪ੍ਰਧਾਨ | ਸਨਮਦੀਪ ਕੌਰ, ਬੀ. ਐੱਡ. ਸਾਲ ਦੂਜਾ, ਰੋਲ ਨੰਬਰ 24042 |
| ਜਰਨਲ ਸਕੱਤਰ | ਰੁਪਿੰਦਰ ਕੌਰ, ਬੀ. ਐੱਡ. ਸਾਲ ਦੂਜਾ, ਰੋਲ ਨੰਬਰ 24089 |
| ਪ੍ਰੈੱਸ ਸਕੱਤਰ | ਸੁਖਵਿੰਦਰ ਕੌਰ, ਬੀ. ਐੱਡ. ਸਾਲ ਪਹਿਲਾ, ਰੋਲ ਨੰਬਰ 25030 |
| ਮੈਂਬਰ | ਪੰਜਾਬੀ ਅਧਿਆਪਨ ਪੜ੍ਹਨ ਵਾਲੇ ਸਾਰੇ ਵਿਦਿਆਰਥੀ |

**ਪੰਜਾਬੀ ਸਾਹਿਤ ਸਭਾ ਦੇ ਉਦੇਸ਼**

1. **ਪੰਜਾਬੀ ਭਾਸ਼ਾ ਦਾ ਪ੍ਰਚਾਰ-ਪ੍ਰਸਾਰ** – ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਨਾਲ ਜੋੜਨਾ ਅਤੇ ਇਸ ਦੇ ਸੁਚੱਜੇ ਪ੍ਰਯੋਗ ਲਈ ਪ੍ਰੇਰਿਤ ਕਰਨਾ।
2. **ਸਾਹਿਤਕ ਰੁਚੀ ਦਾ ਵਿਕਾਸ** – ਕਵਿਤਾ, ਕਹਾਣੀ, ਨਾਟਕ, ਨਿਬੰਧ, ਲੇਖ ਆਦਿ ਰਚਨਾਵਾਂ ਪੜ੍ਹਨ, ਲਿਖਣ ਅਤੇ ਪੇਸ਼ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ।
3. **ਰਚਨਾਤਮਕ ਪ੍ਰਤਿਭਾ ਨੂੰ ਉਭਾਰਨਾ** – ਵਿਦਿਆਰਥੀਆਂ ਨੂੰ ਲਿਖਣ, ਬੋਲਣ, ਵਾਦ-ਵਿਵਾਦ, ਗੁਫ਼ਤਗੂ ਅਤੇ ਅਦਬੀ ਗਤੀਵਿਧੀਆਂ ਵਿੱਚ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦੇਣਾ।
4. **ਪੰਜਾਬੀ ਸਭਿਆਚਾਰ ਦੀ ਸੰਭਾਲ** – ਲੋਕ-ਗੀਤ, ਲੋਕ-ਕਲਾ, ਰਸਮ-ਰਿਵਾਜ, ਰੰਗ-ਰਲੀਆਂ ਆਦਿ ਰਾਹੀਂ ਪੰਜਾਬੀ ਸਭਿਆਚਾਰ ਦੀ ਜੜਾਂ ਨਾਲ ਜੋੜ ਬਣਾਈ ਰੱਖਣਾ।
5. **ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨਾ** – ਵਿਦਿਆਰਥੀਆਂ ਨੂੰ ਕਾਲਜ ਮੈਗਜ਼ੀਨ ਜਾਂ ਸਾਹਿਤਕ ਗਤੀਵਿਧੀਆਂ ਵਿੱਚ ਆਪਣੀ ਰਚਨਾਵਾਂ ਪ੍ਰਕਾਸ਼ਿਤ ਕਰਨ ਲਈ ਮੌਕਾ ਪ੍ਰਦਾਨ ਕਰਨਾ।
6. **ਵਿਚਾਰ-ਵਟਾਂਦਰਾ ਤੇ ਚਰਚਾ ਦਾ ਮਾਹੌਲ** – ਵੱਖ-ਵੱਖ ਸਾਹਿਤਕ ਵਿਸ਼ਿਆਂ, ਲੇਖਕਾਂ ਅਤੇ ਰਚਨਾਵਾਂ ’ਤੇ ਗੋਸ਼ਠੀਆਂ, ਸੈਮੀਨਾਰ ਅਤੇ ਲੈਕਚਰ ਕਰਵਾਉਣੇ।
7. **ਸਾਹਿਤਕ ਸੰਸਕਾਰਾਂ ਦੀ ਰਚਨਾ** – ਵਿਦਿਆਰਥੀਆਂ ਵਿੱਚ ਪਾਠਕਤਾ ਦੀ ਆਦਤ, ਸੰਵੇਦਨਸ਼ੀਲਤਾ ਅਤੇ ਮਨੁੱਖੀ ਮੁੱਲਾਂ ਨੂੰ ਵਿਕਸਿਤ ਕਰਨਾ।
8. **ਸਮਾਜਿਕ ਜਾਗਰੂਕਤਾ** – ਸਾਹਿਤ ਰਾਹੀਂ ਸਮਾਜਕ ਸਮੱਸਿਆਵਾਂ ਅਤੇ ਮੁੱਲਾਂ ਬਾਰੇ ਜਾਗਰੂਕ ਕਰਨਾ।

| ਲੜੀ ਨੰਬਰ | ਮਿਤੀ | ਗਤੀਵਿਧੀਆਂ |
|---|---|---|
| 1 | 02-07-2026 | ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ (ਕਾਲਜ ਐਜੂਕੇਸ਼ਨ) ਦੇ ਸਹਿਯੋਗ ਨਾਲ ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ਼ ਐਜੂਕੇਸ਼ਨ ਵੱਲੋਂ ਕਰਵਾਏ ਰਾਜ ਪੱਧਰੀ ਆਨਲਾਈਨ ਕਵਿਤਾ ਵਾਚਨ ਮੁਕਾਬਲਾ ਕਰਵਾਇਆ |
| 2 | 11-03-2026 | ਬਖ਼ਤਾਵਰ ਗਿੱਲ ਦੀ ਯਾਦ ਵਿੱਚ ਕਰਵਾਏ ਸਮਾਗਮ ਦੌਰਾਨ ਸ਼ਬਦ ਗਾਇਨ ਮੁਕਾਬਲਾ |
| 3 | 21-02-2026 | ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਮੌਕੇ ਸ਼ੁੱਧ ਪੰਜਾਬੀ ਲਿਖਤ ’ਤੇ ਵਿਸ਼ੇਸ਼ ਵਰਕਸ਼ਾਪ |
| 4 | 16-02-2026 | ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ ਪੰਜਾਬੀ ਸਾਹਿਤ ਸਭਾ ਵਲੋਂ ਡਾ. ਪੂਰਨ ਸਿੰਘ ਦੀ ਸ੍ਵੈ-ਜੀਵਨੀ ਦਾ ਸਫ਼ਲ ਲੋਕ ਅਰਪਣ |
| 5 | 27-11-2025 | ਆਈ.ਕਿਊ.ਏ.ਸੀ. ਅਤੇ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ “ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦਾ ਜੀਵਨ ਅਤੇ ਸ਼ਹੀਦੀ” ਵਿਸ਼ੇ 'ਤੇ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ |
| 6 | 24-11-2025 | ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ 'ਰਾਸ਼ਟਰੀ ਲਾਇਬ੍ਰੇਰੀ ਹਫ਼ਤੇ’ ਨੂੰ ਸਮਰਪਿਤ ਵਿਚਾਰ-ਗੋਸ਼ਟ ਦਾ ਆਯੋਜਨ |
| 7 | 08-11-2025 | ਨਵੰਬਰ 2025 ਪੰਜਾਬੀ ਮਾਹ ਨੂੰ ਸਮਰਪਿਤ ਬੀ. ਐੱਡ. ਸੁਧਾਰ ਕਾਲਜ ਵਿਖੇ ਸਲਾਨਾ ਐਲੂਮਨੀ ਮਿਲਣੀ |

**02-07-2026**

**ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ**

**ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ (ਕਾਲਜ ਐਜੂਕੇਸ਼ਨ) ਦੇ ਸਹਿਯੋਗ ਨਾਲ ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ਼ ਐਜੂਕੇਸ਼ਨ ਵੱਲੋਂ ਕਰਵਾਏ ਰਾਜ ਪੱਧਰੀ ਆਨਲਾਈਨ ਕਵਿਤਾ ਵਾਚਨ ਮੁਕਾਬਲਾ ਕਰਵਾਇਆ ਗਿਆ**

ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰਸਰ ਸਧਾਰ, ਲੁਧਿਆਣਾ ਵੱਲੋਂ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ (ਕਾਲਜ ਐਜੂਕੇਸ਼ਨ) ਦੇ ਸਹਿਯੋਗ ਨਾਲ ਪੰਜਾਬੀ ਦੇ ਮਹਾਨ ਕਵੀ ਸ੍ਰੀ ਸ਼ਿਵ ਕੁਮਾਰ ਬਟਾਲਵੀ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਪੰਜਾਬ ਭਰ ਦੇ ਕਾਲਜਾਂ ਦੇ ਵਿਦਿਆਰਥੀਆਂ ਲਈ ਰਾਜ ਪੱਧਰੀ ਆਨਲਾਈਨ ਕਵਿਤਾ ਵਾਚਨ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਕਾਵਿ ਪ੍ਰਤੀ ਰੁਚੀ ਪੈਦਾ ਕਰਨਾ, ਉਨ੍ਹਾਂ ਨੂੰ ਪੰਜਾਬੀ ਦੇ ਮਹਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਨਾਲ ਜੋੜਨਾ ਅਤੇ ਉਨ੍ਹਾਂ ਦੀ ਸਿਰਜਣਾਤਮਕਤਾ ਤੇ ਕਲਾਤਮਕ ਅਭਿਵਿਅਕਤੀ ਨੂੰ ਉਤਸ਼ਾਹਿਤ ਕਰਨਾ ਸੀ।

ਇਸ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਅਤੇ ਸਮਰਪਣ ਭਾਵਨਾ ਨਾਲ ਭਾਗ ਲਿਆ। ਪ੍ਰਾਪਤ ਹੋਈਆਂ ਵੀਡੀਓ ਪੇਸ਼ਕਾਰੀਆਂ ਦਾ ਨਿਰਣਾਇਕ ਮੰਡਲ ਵੱਲੋਂ ਸਾਹਿਤਕ ਸਮਝ, ਸ਼ੁੱਧ ਉਚਾਰਨ, ਭਾਵ-ਅਭਿਵਿਅਕਤੀ, ਮੰਚ ਪੇਸ਼ਕਾਰੀ ਅਤੇ ਸਮੁੱਚੇ ਪ੍ਰਭਾਵ ਦੇ ਆਧਾਰ 'ਤੇ ਨਿਰਪੱਖ ਅਤੇ ਗੁਣਵੱਤਾਪੂਰਨ ਮੁਲਾਂਕਣ ਕੀਤਾ ਗਿਆ।

ਮੁਲਾਂਕਣ ਉਪਰੰਤ ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰਸਰ ਸਧਾਰ ਦੀ ਬੀ.ਐੱਡ. ਦੀ ਵਿਦਿਆਰਥਣ ਜਸ਼ਨਦੀਪ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੋਬਿੰਦ ਨੈਸ਼ਨਲ ਕਾਲਜ ਨਾਰੰਗਵਾਲ ਦੀ ਬੀ.ਏ. ਦੀ ਵਿਦਿਆਰਥਣ ਮਮਤਾ ਬੇਗਮ ਨੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਡੀ.ਏ.ਵੀ. ਕਾਲਜ ਆਫ਼ ਐਜੂਕੇਸ਼ਨ, ਹੁਸ਼ਿਆਰਪੁਰ ਦੀ ਬੀ.ਐੱਡ. ਦੀ ਵਿਦਿਆਰਥਣ ਖੁਸ਼ੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰਸਰ ਸਧਾਰ ਦੀ ਬੀ.ਐੱਡ. ਦੀ ਵਿਦਿਆਰਥਣ ਰੁਪਿੰਦਰ ਕੌਰ ਨੂੰ ਪ੍ਰਭਾਵਸ਼ਾਲੀ ਪੇਸ਼ਕਾਰੀ ਲਈ ਉਤਸ਼ਾਹ ਵਜੋਂ ਵਿਸ਼ੇਸ਼ ਇਨਾਮ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਸਮੂਹ ਜੇਤੂਆਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ (ਕਾਲਜ ਐਜੂਕੇਸ਼ਨ) ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਅਜਿਹੇ ਰਾਜ ਪੱਧਰੀ ਸਾਹਿਤਕ ਮੁਕਾਬਲੇ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਪ੍ਰਤੀ ਪਿਆਰ, ਸਤਿਕਾਰ ਅਤੇ ਜਾਗਰੂਕਤਾ ਨੂੰ ਹੋਰ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਦੀ ਰਚਨਾਤਮਕ ਯੋਗਤਾ,

ਆਤਮ-ਵਿਸ਼ਵਾਸ ਅਤੇ ਮੰਚੀ ਪੇਸ਼ਕਾਰੀ ਨੂੰ ਨਿਖਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖਿਆ ਦਾ ਉਦੇਸ਼ ਕੇਵਲ ਅਕਾਦਮਿਕ ਪ੍ਰਾਪਤੀਆਂ ਤੱਕ ਸੀਮਿਤ ਨਹੀਂ, ਸਗੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਵੀ ਹੈ ਅਤੇ ਇਸ ਤਰ੍ਹਾਂ ਦੇ ਸਾਹਿਤਕ ਉਪਰਾਲੇ ਇਸ ਦਿਸ਼ਾ ਵਿੱਚ ਬਹੁਤ ਹੀ ਸਾਰਥਕ ਸਾਬਤ ਹੁੰਦੇ ਹਨ।

ਮੁਕਾਬਲੇ ਦੇ ਆਯੋਜਕ ਸਹਾਇਕ ਪ੍ਰੋਫੈਸਰ ਡਾ. ਜਗਜੀਤ ਸਿੰਘ ਨੇ ਦੱਸਿਆ ਕਿ ਇਸ ਰਾਜ ਪੱਧਰੀ ਮੁਕਾਬਲੇ ਨੂੰ ਪੰਜਾਬ ਭਰ ਦੇ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਉਨ੍ਹਾਂ ਕਿਹਾ ਕਿ ਭਾਗੀਦਾਰਾਂ ਵੱਲੋਂ ਭੇਜੀਆਂ ਗਈਆਂ ਕਵਿਤਾ ਵਾਚਨ ਪੇਸ਼ਕਾਰੀਆਂ ਵਿੱਚ ਪੰਜਾਬੀ ਕਵਿਤਾ ਪ੍ਰਤੀ ਡੂੰਘੀ ਸਮਝ, ਭਾਵਪੂਰਨ ਅਭਿਵਿਅਕਤੀ, ਸ਼ੁੱਧ ਉਚਾਰਨ ਅਤੇ ਕਲਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਗਟਾਵਾ ਦੇਖਣ ਨੂੰ ਮਿਲਿਆ।

ਜੀ.ਐੱਚ.ਜੀ. ਗਵਰਨਿੰਗ ਕੌਂਸਲ ਦੇ ਪ੍ਰਧਾਨ ਸ. ਮਨਜੀਤ ਸਿੰਘ ਗਿੱਲ ਅਤੇ ਸਕੱਤਰ ਡਾ. ਐੱਸ. ਐੱਸ. ਥਿੰਦ ਨੇ ਸਮੂਹ ਇਨਾਮ ਜੇਤੂਆਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਅਜਿਹੇ ਰਾਜ ਪੱਧਰੀ ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਨਿਰੰਤਰ ਆਯੋਜਿਤ ਕੀਤੇ ਜਾਂਦੇ ਰਹਿਣਗੇ, ਜੋ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਅਤੇ ਨੌਜਵਾਨ ਪੀੜ੍ਹੀ ਵਿੱਚ ਸਾਹਿਤਕ ਚੇਤਨਾ ਦੇ ਵਿਕਾਸ ਲਈ ਮੀਲ ਪੱਥਰ ਸਾਬਤ ਹੋਣਗੇ।





ਅਜੀਤ
04-Jul-2026

# ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਲੋਂ ਰਾਜ ਪੱਧਰੀ ਆਨਲਾਈਨ ਕਵਿਤਾ ਵਾਚਨ ਮੁਕਾਬਲੇ


# ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਲੋਂ ਕਰਵਾਏ ਰਾਜ ਪੱਧਰੀ ਆਨਲਾਈਨ ਕਵਿਤਾ ਵਾਚਨ ਮੁਕਾਬਲੇ ਦੇ ਨਤੀਜੇ ਐਲਾਨੇ

ਰੋਜ਼ਾਨਾ ਸਪੋਕਸਮੈਨ

**11-03-2026**

## ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ

### ਬਖ਼ਤਾਵਰ ਗਿੱਲ ਦੀ ਯਾਦ ਵਿੱਚ ਕਰਵਾਏ ਸਮਾਗਮ ਦੌਰਾਨ ਸ਼ਬਦ ਗਾਇਨ ਮੁਕਾਬਲਾ

ਜੀ.ਐੱਚ.ਜੀ. ਖ਼ਾਲਸਾ ਵਿਦਿਅਕ ਸੰਸਥਾਵਾਂ ਦੇ ਸਾਬਕਾ ਪ੍ਰਧਾਨ ਅਤੇ ਨਿਸ਼ਕਾਮ ਸੇਵਕ ਸਵਰਗੀ ਸ. ਬਖ਼ਤਾਵਰ ਸਿੰਘ ਗਿੱਲ ਦੀ ਯਾਦ ਵਿੱਚ ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਲਈ ਸ਼ਬਦ ਗਾਇਨ ਮੁਕਾਬਲਾ ਵੀ ਕਰਵਾਇਆ ਗਿਆ।

ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਦੇ **ਡਾ. ਜਗਜੀਤ ਸਿੰਘ ਦੀ ਅਗਵਾਈ ਹੇਠ ਪੰਜਾਬੀ ਸਾਹਿਤ ਸਭਾ ਵੱਲੋਂ ਸ਼ਬਦ ਪੇਸ਼ਕਾਰੀ** ਕੀਤੀ ਗਈ। ਇਸ ਮੁਕਾਬਲੇ ਦੇ ਵਿਅਕਤੀਗਤ ਵਰਗ ਵਿੱਚ ਕਾਲਜ ਦੀ ਵਿਦਿਆਰਥਣ **ਮਨਵੀਰ ਕੌਰ ਨੇ ਪਹਿਲਾ ਸਥਾਨ** ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਜੇਤੂ ਵਿਦਿਆਰਥਣ ਨੂੰ **ਇਨਾਮ, ਟਰਾਫੀ ਅਤੇ ਸਰਟੀਫਿਕੇਟ** ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਵਿਦਿਆਰਥੀਆਂ ਨੂੰ ਗੁਰਬਾਣੀ, ਸਿੱਖਿਆ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ **ਡਾ. ਪ੍ਰਗਟ ਸਿੰਘ ਗਰਚਾ** ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।


ਬਖ਼ਤਾਵਰ ਗਿੱਲ ਦੀ ਯਾਦ 'ਚ ਕਾਲਜ 'ਚ ਸਮਾਗਮ ਕਰਵਾਇਆ


Jagraon Bani
Mar 12, 2026
ਜਗ ਬਾਣੀ
ਅੰਤਰ-ਕਾਲਜ ਗੁਰਬਾਣੀ ਗਾਇਨ ਮੁਕਾਬਲੇ ਕਰਵਾਏ


ਅਜੀਤ

21-02-2026

## ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ

### ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਮੌਕੇ ਸ਼ੁੱਧ ਪੰਜਾਬੀ ਲਿਖਤ ’ਤੇ ਵਿਸ਼ੇਸ਼ ਵਰਕਸ਼ਾਪ

ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਦੇ ਮੌਕੇ ਪੰਜਾਬੀ ਸਾਹਿਤ ਸਭਾ ਵੱਲੋਂ ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਿੱਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ ਸਬੰਧਿਤ ਇੱਕ ਵਿਸ਼ੇਸ਼ ਵਰਕਸ਼ਾਪ ਆਯੋਜਿਤ ਕੀਤੀ ਗਈ।

ਇਸ ਵਰਕਸ਼ਾਪ ਦੌਰਾਨ ਕਾਲਜ ਦੇ ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋਫੈਸਰ **ਡਾ. ਜਗਜੀਤ ਸਿੰਘ** ਨੇ ਵਿਦਿਆਰਥੀਆਂ ਨੂੰ ਸ਼ੁੱਧ ਪੰਜਾਬੀ ਲਿਖਣ ਦੇ ਮੂਲ ਅਸੂਲਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਾ. ਜਗਜੀਤ ਸਿੰਘ ਨੇ ਵਿਦਿਆਰਥੀਆਂ ਵੱਲੋਂ ਉਚਾਰਨ ਅਤੇ ਲਿਖਤ ਵਿੱਚ ਕੀਤੀਆਂ ਜਾਣ ਵਾਲੀਆਂ ਗ਼ਲਤੀਆਂ ਵੱਲ ਧਿਆਨ ਦਿਵਾਇਆ। ਉਨ੍ਹਾਂ ਨੇ ਸ਼ਬਦ-ਜੋੜ, ਲਗਾਂ-ਮਾਤਰਾਵਾਂ ਅਤੇ ਲਗਾਖਰਾਂ ਦੀ ਸਹੀ ਵਰਤੋਂ ਨੂੰ ਉਦਾਹਰਣਾਂ ਸਹਿਤ ਸਮਝਾਇਆ। ਇਸ ਦੇ ਨਾਲ ਹੀ ‘ਵ’ ਅਤੇ ‘ਬ’, ‘ਸ’ ਅਤੇ ‘ਸ਼’, ‘ਸ਼’ ਅਤੇ ‘ਛ’ ਵਰਗੇ ਅੱਖਰਾਂ ਦੇ ਭੁਲੇਖਿਆਂ ਬਾਰੇ ਵੀ ਜਾਣਕਾਰੀ ਦਿੱਤੀ।

ਵਰਕਸ਼ਾਪ ਦੌਰਾਨ **ਪੰਜਾਬੀ ਬਿੰਦੀ** ਬਾਰੇ ਵੀ ਵਿਦਿਆਰਥੀਆਂ ਨੂੰ ਸੁਚੇਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ **ਡਾ. ਪਰਗਟ ਸਿੰਘ ਗਰਚਾ** ਨੇ ਵਰਕਸ਼ਾਪ ਦੀ ਸ਼ਲਾਘਾ ਕਰਦਿਆਂ ਡਾ. ਜਗਜੀਤ ਸਿੰਘ ਨੂੰ ਇਸ ਅਕਾਦਮਿਕ ਉਪਰਾਲੇ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮਾਂ-ਬੋਲੀ ਨਾਲ ਵਿਦਿਆਰਥੀਆਂ ਵਿੱਚ ਭਾਸ਼ਾਈ ਸੂਝ ਅਤੇ ਸੱਭਿਆਚਾਰਕ ਚੇਤਨਾ ਮਜ਼ਬੂਤ ਹੁੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਵੀ ਕਾਲਜ ਵੱਲੋਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਵਿਕਾਸ ਲਈ ਅਜਿਹੀਆਂ ਅਕਾਦਮਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਲਗਾਤਾਰ ਕਰਵਾਈਆਂ ਜਾਣਗੀਆਂ।


ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਮੌਕੇ ਸ਼ੁੱਧ ਪੰਜਾਬੀ ਲਿਖਤ 'ਤੇ ਵਿਸ਼ੇਸ਼ ਵਰਕਸ਼ਾਪ

ਰੋਜ਼ਾਨਾ ਸਪੋਕਸਮੈਨ


ਮਾਂ–ਬੋਲੀ ਦਿਵਸ ’ਤੇ ਵਰਕਸ਼ਾਪ ਲਗਾਈ


ਮਾਂ ਬੋਲੀ ਦੇ ਸਤਿਕਾਰ, ਬੋਲਣ, ਲਿਖਣ ਨਾਲ ਕੌਮਾਂ ਦੀ ਪਹਿਚਾਣ ਬਣੀ ਰਹਿੰਦੀ- ਡਾ: ਜਗਜੀਤ ਸਿੰਘ

ਅਜੀਤ

16-02-2026

**ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ ਪੰਜਾਬੀ ਸਾਹਿਤ ਸਭਾ ਵਲੋਂ ਡਾ. ਪੂਰਨ ਸਿੰਘ ਦੀ ਸ੍ਵੈ-ਜੀਵਨੀ ਦਾ ਸਫ਼ਲ ਲੋਕ ਅਰਪਣ**

ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਿਖੇ ਪੰਜਾਬੀ ਸਾਹਿਤ ਸਭਾ ਵਲੋਂ ਸਾਹਿਤ ਨਾਲ ਸੰਬੰਧਿਤ ਇੱਕ ਮਹੱਤਵਪੂਰਨ ਅਕਾਦਮਿਕ ਅਤੇ ਸਾਹਿਤਕ ਸਮਾਗਮ ਬੜੀ ਸਫ਼ਲਤਾ ਨਾਲ ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਸਾਹਿਤਕਾਰ ਡਾ. ਪੂਰਨ ਸਿੰਘ ਦੀ ਸ੍ਵੈ-ਜੀਵਨੀ ‘ਹਉ ਆਪਹੁ ਬੋਲਿ ਨ ਜਾਣਦਾ’ ਦਾ ਲੋਕ ਅਰਪਣ ਕਾਲਜ ਦੇ ਮੁੱਖ ਹਾਲ ਵਿੱਚ ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਦੀ ਹਾਜ਼ਰੀ ਵਿੱਚ ਕੀਤਾ ਗਿਆ।

ਇਸ ਸਮਾਗਮ ਦੀ ਪ੍ਰਧਾਨਗੀ ਸ. ਮਨਜੀਤ ਸਿੰਘ ਗਿੱਲ, ਪ੍ਰਧਾਨ, ਜੀ. ਐੱਚ. ਜੀ. ਗਵਰਨਿੰਗ ਕੌਂਸਲ ਵੱਲੋਂ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਬਾਵਾ ਸਿੰਘ (ਸੇਵਾ-ਮੁਕਤ ਕਾਲਜ ਅਧਿਆਪਕ ਅਤੇ ਪੂਰਵ ਉਪ-ਚੇਅਰਪਰਸਨ, ਰਾਸ਼ਟਰੀ ਕਮਿਸ਼ਨ ਫ਼ਾਰ ਮਾਇਨਿਓਰਟੀ, ਭਾਰਤ ਸਰਕਾਰ), ਡਾ. ਸੰਦੀਪ ਸ਼ਰਮਾ ਜੀ (ਜ਼ਿਲ੍ਹਾ ਭਾਸ਼ਾ ਅਫ਼ਸਰ, ਲੁਧਿਆਣਾ), ਡਾ. ਕੁਲਦੀਪ ਸਿੰਘ (ਸਿੱਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੇਵਾ ਮੁਕਤ) ਅਤੇ ਡਾ. ਬਲਵਿੰਦਰਪਾਲ ਸਿੰਘ (ਸੰਪਾਦਕ, *ਸਾਡਾ ਵਿਰਸਾ ਸਾਡਾ ਗੌਰਵ*) ਵਿਸ਼ੇਸ਼ ਤੌਰ ’ਤੇ ਸ਼ਾਮਲ ਰਹੇ।

ਸਮਾਰੋਹ ਦੌਰਾਨ ਸਾਰੇ ਵਿਦਵਾਨਾਂ ਵੱਲੋਂ ਸ੍ਵੈ-ਜੀਵਨੀ ’ਤੇ ਵਿਸਤ੍ਰਿਤ ਵਿਚਾਰ ਪੇਸ਼ ਕੀਤੇ ਗਏ। ਉਨ੍ਹਾਂ ਨੇ ਕਿਤਾਬ ਦੇ ਸਾਹਿਤਕ, ਸਮਾਜਿਕ ਅਤੇ ਸਾਂਸਕ੍ਰਿਤਿਕ ਪੱਖਾਂ ’ਤੇ ਗੰਭੀਰ ਚਰਚਾ ਕਰਦਿਆਂ ਇਸ ਰਚਨਾ ਨੂੰ ਆਧੁਨਿਕ ਸਮਾਜ ਲਈ ਪ੍ਰੇਰਕ ਅਤੇ ਦਿਸ਼ਾ ਦਰਸ਼ਕ ਦੱਸਿਆ। ਵਿਦਵਾਨਾਂ ਨੇ ਕਿਹਾ ਕਿ ਇਹ ਸ੍ਵੈ-ਜੀਵਨੀ ਪਾਠਕ ਨੂੰ ਆਤਮ-ਵਿਸ਼ਲੇਸ਼ਣ ਅਤੇ ਜੀਵਨ ਮੁੱਲਾਂ ਦੀ ਸਮਝ ਪ੍ਰਦਾਨ ਕਰਦੀ ਹੈ।

ਇਸ ਮੌਕੇ ਮਾਸਟਰ ਅਵਤਾਰ ਸਿੰਘ ਬੁਰਜਲਿਟਾਂ, ਮਨਜੀਤ ਸਿੰਘ ਬੱਧਣ, ਹਰਕੀਰਤ ਸਿੰਘ ਕੁਲਾਰ ਅਤੇ ਭੁਪਿੰਦਰ ਸਿੰਘ ਮੱਲੀ ਜੀ ਵੱਲੋਂ ਵੀ ਪੁਸਤਕ ਅਤੇ ਸ. ਪੂਰਨ ਸਿੰਘ ਜੀ ਦੇ ਜੀਵਨ, ਸਾਹਿਤਕ ਯੋਗਦਾਨ ਅਤੇ ਵਿਚਾਰਧਾਰਾ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਸਮਾਗਮ ਨੂੰ ਹੋਰ ਵੀ ਵਿਚਾਰਸ਼ੀਲ ਅਤੇ ਪ੍ਰਭਾਵਸ਼ਾਲੀ ਬਣਾਇਆ।

ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਜਗਜੀਤ ਸਿੰਘ, ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ ਵੱਲੋਂ ਸੁਚੱਜੇ ਢੰਗ ਨਾਲ ਨਿਭਾਈ ਗਈ। ਸਮਾਗਮ ਦੇ ਮੁੱਖ ਸਰਪ੍ਰਸਤ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਰਹੇ, ਜਿਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਅਜਿਹੇ ਸਾਹਿਤਕ ਅਤੇ ਅਕਾਦਮਿਕ ਸਮਾਗਮਾਂ ਦੀ ਵਿਦਿਆਰਥੀਆਂ ਦੀ ਸਰਬਪੱਖੀ ਵਿਕਾਸ ਵਿੱਚ ਮਹੱਤਤਾ ’ਤੇ ਜ਼ੋਰ ਦਿੱਤਾ।

ਅੰਤ ਵਿੱਚ ਇਸ ਸੰਸਥਾ ਦੇ ਪ੍ਰਿੰਸੀਪਲ ਰਹਿ ਚੁੱਕੇ ਡਾ. ਐੱਚ. ਐੱਸ. ਬਰਾੜ ਜੀ ਵੱਲੋਂ ਧੰਨਵਾਦੀ ਮਤਾ ਪੇਸ਼ ਕੀਤਾ ਗਿਆ। ਇਹ ਸਾਹਿਤਕ ਸਮਾਰੋਹ ਅਧਿਆਪਕਾਂ, ਵਿਦਿਆਰਥੀਆਂ ਅਤੇ ਸਾਹਿਤ ਪ੍ਰੇਮੀਆਂ ਲਈ ਇੱਕ ਯਾਦਗਾਰ, ਗਿਆਨਵਰਧਕ ਅਤੇ ਪ੍ਰੇਰਕ ਅਨੁਭਵ ਸਾਬਤ ਹੋਇਆ।

ਇਸ ਮੌਕੇ ਤੇ ਡਾ. ਐੱਸ. ਐੱਸ. ਦਿਓਲ, ਪ੍ਰਿੰ. ਸ. ਇੰਦਰਜੀਤ ਸਿੰਘ, ਡਾ. ਸਤਵਿੰਦਰ ਕੌਰ, ਡਾ. ਜਗਜੀਤ ਸਿੰਘ ਬਰਾੜ, ਡਾ. ਸਰਬਜੀਤ ਕੌਰ ਰਾਣੂ, ਪ੍ਰਿੰ. ਗੁਰਨਾਇਬ ਸਿੰਘ, ਸਵਰਨ ਸਿੰਘ ਭੰਗੂ, ਲੇਖਕ ਬੁੱਧ ਸਿੰਘ ਨੀਲੋਂ, ਸ. ਭਾਗ ਸਿੰਘ ਆਦਿ ਹਾਜਰ ਸਨ।


Jagraon Bani
Feb 18, 2026
ਜਗ ਬਾਣੀ
IV KHANNA-JAGRAON BANI ਖੰਨਾ-ਜਗ

ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ ਐਜੂਕੇਸ਼ਨ ਵਿਖੇ ਡਾ. ਪੂਰਨ ਸਿੰਘ ਦੀ ਸਵੈ-ਜੀਵਨੀ ਦਾ ਲੋਕ ਅਰਪਣ


‘ਹਉ ਆਪਹੁ ਬੋਲਿ ਨ ਜਾਣਦਾ’ ਲੋਕ ਅਰਪਣ


ਅਜੀਤ

ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਿਖੇ ਡਾ: ਪੂਰਨ ਸਿੰਘ ਦੀ ਸਵੈ-ਜੀਵਨੀ ਲੋਕ ਅਰਪਣ

# ਜੀ.ਐਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ 'ਚ ਡਾ. ਪੂਰਨ ਸਿੰਘ ਦੀ ਸਵੈ-ਜੀਵਨੀ ਦਾ ਸਫ਼ਲ ਲੋਕ ਅਰਪਣ



ਰਾਏਕੋਟ, 16 ਫ਼ਰਵਰੀ (ਜਸਵੰਤ ਸਿੰਘ ਸਿੱਧੂ) : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਜੀ.ਐਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਿਖੇ ਪੰਜਾਬੀ ਸਾਹਿਤ ਸਭਾ ਵਲੋਂ ਸਾਹਿਤ ਨਾਲ ਸੰਬੰਧਿਤ ਇਕ ਮਹੱਤਵਪੂਰਨ ਅਕਾਦਮਿਕ ਤੇ ਸਾਹਿਤਕ ਸਮਾਗਮ ਬੜੀ ਸਫ਼ਲਤਾ ਨਾਲ ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਸਾਹਿਤਕਾਰ ਡਾ. ਪੂਰਨ ਸਿੰਘ ਦੀ ਸ੍ਵੈ-ਜੀਵਨੀ 'ਹਉ ਆਪਹੁ ਬੋਲਿ ਨ ਜਾਣਦਾ' ਦਾ ਲੋਕ ਅਰਪਣ ਕਾਲਜ ਦੇ ਮੁੱਖ ਹਾਲ ਵਿੱਚ ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਮਨਜੀਤ ਸਿੰਘ ਗਿੱਲ, ਪ੍ਰਧਾਨ, ਜੀ. ਐਚ. ਜੀ. ਗਵਰਨਿੰਗ ਕੌਂਸਲ ਵੱਲੋਂ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਬਾਵਾ ਸਿੰਘ (ਸੇਵਾ-ਮੁਕਤ ਕਾਲਜ ਅਧਿਆਪਕ ਅਤੇ ਪੂਰਵ ਉਪ-ਚੇਅਰਪਰਸਨ, ਰਾਸ਼ਟਰੀ ਕਮਿਸ਼ਨ ਫ਼ਾਰ ਮਾਇਨਿਓਰਿਟੀ, ਭਾਰਤ ਸਰਕਾਰ), ਡਾ. ਸੰਦੀਪ ਸ਼ਰਮਾ ਜੀ (ਜ਼ਿਲ੍ਹਾ ਭਾਸ਼ਾ ਅਫ਼ਸਰ, ਲੁਧਿਆਣਾ), ਡਾ. ਕੁਲਦੀਪ ਸਿੰਘ (ਸਿੱਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੇਵਾ ਮੁਕਤ) ਅਤੇ ਡਾ. ਬਲਵਿੰਦਰਪਾਲ ਸਿੰਘ (ਸੰਪਾਦਕ, ਸਾਡਾ ਵਿਰਸਾ ਸਾਡਾ ਗੌਰਵ) ਵਿਸ਼ੇਸ਼ ਤੌਰ 'ਤੇ ਸ਼ਾਮਲ ਰਹੇ। ਸਮਾਰੋਹ ਦੌਰਾਨ ਸਾਰੇ ਵਿਦਵਾਨਾਂ ਵੱਲੋਂ ਸ੍ਵੈ-ਜੀਵਨੀ 'ਤੇ ਵਿਸਤ੍ਰਿਤ ਵਿਚਾਰ ਪੇਸ਼ ਕੀਤੇ ਗਏ। ਉਨ੍ਹਾਂ ਨੇ ਕਿਤਾਬ ਦੇ ਸਾਹਿਤਕ, ਸਮਾਜਿਕ ਅਤੇ ਸਾਂਸਕ੍ਰਿਤਿਕ ਪੱਖਾਂ ਤੇ ਗੰਭੀਰ ਚਰਚਾ ਕਰਦਿਆਂ ਇਸ ਰਚਨਾ ਨੂੰ ਆਧੁਨਿਕ ਸਮਾਜ ਲਈ ਪ੍ਰੇਰਕ ਅਤੇ ਦਿਸ਼ਾ ਦਰਸ਼ਕ ਦੱਸਿਆ। ਵਿਦਵਾਨਾਂ ਨੇ ਕਿਹਾ ਕਿ ਇਹ ਸ੍ਵੈ-ਜੀਵਨੀ ਪਾਠਕ ਨੂੰ ਆਤਮ-ਵਿਸ਼ਲੇਸ਼ਣ ਅਤੇ ਜੀਵਨ ਮੁੱਲਾਂ ਦੀ ਸਮਝ ਪ੍ਰਦਾਨ ਕਰਦੀ ਹੈ। ਇਸ ਮੌਕੇ ਮਾਸਟਰ ਅਵਤਾਰ ਸਿੰਘ ਬੁਰਜਲਿਟਾਂ, ਮਨਜੀਤ ਸਿੰਘ ਚੰਧੜ, ਹਰਕੀਰਤ ਸਿੰਘ ਕੁਲਾਰ ਅਤੇ ਭੁਪਿੰਦਰ ਸਿੰਘ ਮੌਲੀ ਜੀ ਵੱਲੋਂ ਵੀ ਪੁਸਤਕ ਅਤੇ ਪੂਰਨ ਸਿੰਘ ਜੀ ਦੇ ਜੀਵਨ, ਸਾਹਿਤਕ ਯੋਗਦਾਨ ਅਤੇ ਵਿਚਾਰਧਾਰਾ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਸਮਾਗਮ ਨੂੰ ਹੋਰ ਵੀ ਵਿਚਾਰਸ਼ੀਲ ਅਤੇ ਪ੍ਰਭਾਵਸ਼ਾਲੀ ਬਣਾਇਆ। ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ. ਜਗਜੀਤ ਸਿੰਘ, ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ ਵੱਲੋਂ ਸੁਚੱਜੇ ਢੰਗ ਨਾਲ ਨਿਭਾਈ ਗਈ। ਸਮਾਗਮ ਦੇ ਮੁੱਖ ਸਰਪ੍ਰਸਤ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਰਹੇ, ਜਿਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਅਜਿਹੇ ਸਾਹਿਤਕ ਅਤੇ ਅਕਾਦਮਿਕ ਸਮਾਗਮਾਂ ਦੀ ਵਿਦਿਆਰਥੀਆਂ ਦੀ ਸਰਬਪੱਖੀ ਵਿਕਾਸ ਵਿੱਚ ਮਹੱਤਤਾ 'ਤੇ ਜ਼ੋਰ ਦਿੱਤਾ। ਅੰਤ ਵਿੱਚ ਇਸ ਸੰਸਥਾ ਦੇ ਪ੍ਰਿੰਸੀਪਲ ਰਹਿ ਚੁੱਕੇ ਡਾ. ਐਚ.ਐਸ. ਬਰਾੜ ਜੀ ਵਲੋਂ ਧਨਵਾਦੀ ਮਤਾ ਪੇਸ਼ ਕੀਤਾ ਗਿਆ। ਇਹ ਸਾਹਿਤਕ ਸਮਾਰੋਹ ਅਧਿਆਪਕਾਂ, ਵਿਦਿਆਰਥੀਆਂ ਅਤੇ ਸਾਹਿਤ ਪ੍ਰੇਮੀਆਂ ਲਈ ਇਕ ਯਾਦਗਾਰ, ਗਿਆਨਵਰਧਕ ਅਤੇ ਪ੍ਰੇਰਕ ਅਨੁਭਵ ਸਾਬਤ ਹੋਇਆ। ਇਸ ਮੌਕੇ ਤੇ ਡਾ. ਐਸ. ਐਸ. ਦਿਓਲ, ਪ੍ਰਿੰ. ਇੰਦਰਜੀਤ ਸਿੰਘ, ਡਾ. ਸਤਵਿੰਦਰ ਕੌਰ, ਡਾ. ਜਗਜੀਤ ਸਿੰਘ ਬਰਾੜ, ਡਾ. ਸਰਬਜੀਤ ਕੌਰ ਰਾਹੂ, ਪ੍ਰਿੰ. ਗੁਰਨਾਇਬ ਸਿੰਘ, ਜਵਰਨ ਸਿੰਘ ਤੇਗ਼ੂ, ਲੇਖਕ ਬੁੱਧ ਸਿੰਘ ਨੀਲੋਂ, ਭਾਗ ਸਿੰਘ ਆਦਿ ਹਾਜ਼ਰ ਸਨ।

## ਪਿੰਡ ਜੌਹਲਾਂ 'ਚ ਅੱਖਾਂ ਦਾ ਮੁਫ਼ਤ ਜਾਂਚ ਤੇ ਅਪ੍ਰੇਸ਼ਨ ਕੈਂਪ ਲਗਾਇਆ



ਰਾਏਕੋਟ, 16 ਫ਼ਰਵਰੀ (ਜਸਵੰਤ ਸਿੰਘ ਸਿੱਧੂ) : ਬ੍ਰਹਮਲੀਨ 108 ਮਹੰਤ ਜਲੇਬੀ ਦਾਸ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਸਵ. ਜਗਤਾਰ ਸਿੰਘ ਡੋਅਲੀ ਵਾਲਾ ਅਤੇ ਸਵ. ਗੁਰਬਚਨ ਸਿੰਘ ਭੋਲਾ ਵਲੋਂ ਲੋੜਵੰਦਾਂ ਲਈ ਮੁਫ਼ਤ ਮੈਡੀਕਲ ਚੈਕਅਪ ਕੈਂਪ ਲਗਾਉਣ ਦੀ ਸ਼ੁਰੂ ਕੀਤੀ ਗਈ ਪ੍ਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਗੁਰਦੁਆਰਾ ਗੁਰੂਸਰ ਸਾਹਿਬ

ਰੋਜ਼ਾਨਾ ਸਪੋਕਸਮੈਨ
RozanaSpokesman.com

---

Jagraon Bani
Feb 15, 2026

ਜਗ ਬਾਣੀ

# ਡਾ. ਪੂਰਨ ਸਿੰਘ ਵਲੋਂ ਰਚਿਤ ਸਵੈ-ਜੀਵਨੀ ਦਾ ਲੋਕ ਅਰਪਣ ਸਮਾਰੋਹ ਭਲਕੇ

ਗੁਰੂਸਰ ਸੁਧਾਰ,14 ਫਰਵਰੀ (ਰਵਿੰਦਰ)-ਜੀ. ਐੱਚ.ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ ਗੁਰੂਸਰ ਸੁਧਾਰ ਵਿਖੇ ਪੰਜਾਬੀ ਸਾਹਿਤ ਨਾਲ ਸਬੰਧਿਤ ਅਕਾਦਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਪ੍ਰਸਿੱਧ ਸਾਹਿਤਕਾਰ ਡਾ. ਪੂਰਨ ਸਿੰਘ ਵਲੋਂ ਰਚਿਤ ਸਵੈ-ਜੀਵਨੀ 'ਹਉ ਆਪਹੁ ਬੋਲਿ ਨ ਜਾਣਦਾ' ਦਾ ਲੋਕ ਅਰਪਣ ਸਮਾਰੋਹ 16 ਫਰਵਰੀ ਨੂੰ ਕਾਲਜ ਦੇ ਮੁੱਖ ਹਾਲ ਵਿਚ ਹੋਵੇਗਾ। ਸਮਾਰੋਹ ਦੀ ਪ੍ਰਧਾਨਗੀ ਮਨਜੀਤ ਸਿੰਘ ਗਿੱਲ ਪ੍ਰਧਾਨ ਜੀ. ਐੱਚ. ਜੀ. ਗਵਰਨਿੰਗ ਕੌਂਸਲ ਵਲੋਂ ਕੀਤੀ ਜਾਵੇਗੀ।

ਪ੍ਰਧਾਨਗੀ ਮੰਡਲ ਵਿਚ ਡਾ. ਨਿਰਮਲ ਜੌੜਾ (ਮੈਂਬਰ ਆਰਟ ਐਂਡ ਕਲਚਰ ਸਟੱਡੀ ਬੋਰਡ), ਪ੍ਰੋ. ਬਾਵਾ ਸਿੰਘ (ਸੇਵਾਮੁਕਤ ਕਾਲਜ ਅਧਿਆਪਕ ਅਤੇ ਪੂਰਵ ਉੱਪ-ਚੇਅਰਪਰਸਨ ਰਾਸ਼ਟਰੀ ਕਮਿਸ਼ਨ ਮਾਇਨੋਰੇਟੀ ਭਾਰਤ ਸਰਕਾਰ), ਡਾ. ਸੰਦੀਪ ਸ਼ਰਮਾ ਜ਼ਿਲਾ ਭਾਸ਼ਾ ਅਫਸਰ, ਡਾ. ਕੁਲਦੀਪ ਸਿੰਘ (ਸਿੱਖਿਆ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੇਵਾ ਮੁਕਤ) ਅਤੇ ਡਾ. ਬਲਵਿੰਦਰਪਾਲ ਸਿੰਘ ਸੰਪਾਦਕ ਸਾਡਾ ਵਿਰਸਾ ਸਾਡਾ ਗੌਰਵ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸ਼ਾਮਲ ਹੋਣਗੇ।

---

# ਡਾ. ਪੂਰਨ ਸਿੰਘ ਦੀ ਸ੍ਵੈ-ਜੀਵਨੀ ਦਾ ਲੋਕ ਅਰਪਣ ਅੱਜ



ਰਾਏਕੋਟ, 15 ਫ਼ਰਵਰੀ (ਜਸਵੰਤ ਸਿੰਘ ਸਿੱਧੂ): ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਜੀ. ਐਚ ਜੀ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ ਪੰਜਾਬੀ ਸਾਹਿਤ ਨਾਲ ਸਬੰਧਤ ਮਹੱਤਵਪੂਰਨ ਅਕਾਦਮਿਕ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪ੍ਰਸਿੱਧ ਸਾਹਿਤਕਾਰ ਡਾ. ਪੂਰਨ ਸਿੰਘ ਦੁਆਰਾ ਰਚਿਤ ਸ੍ਵੈ-ਜੀਵਨੀ 'ਹਉ ਆਪਹੁ ਬੋਲਿ ਨ ਜਾਣਦਾ' ਦਾ ਲੋਕ ਅਰਪਣ ਸਮਾਰੋਹ 16 ਫ਼ਰਵਰੀ 2026 ਨੂੰ ਕਾਲਜ ਦੇ ਮੁੱਖ ਹਾਲ ਵਿੱਚ ਆਯੋਜਿਤ ਕੀਤਾ ਜਾਵੇਗਾ। ਸਮਾਰੋਹ ਦੀ ਪ੍ਰਧਾਨਗੀ ਮਨਜੀਤ ਸਿੰਘ ਗਿੱਲ, ਪ੍ਰਧਾਨ, ਜੀ. ਐਚ. ਜੀ. ਗਵਰਨਿੰਗ ਕੌਂਸਲ ਵੱਲੋਂ ਕੀਤੀ ਜਾਵੇਗੀ।

ਰੋਜ਼ਾਨਾ ਸਪੋਕਸਮੈਨ
RozanaSpokesman.com

27-11-2025

## ਗੁਰੂ ਹਰਗੋਬਿੰਦ ਖਾਲਸਾ ਕਾਲਜ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ

## ਸੈਮੀਨਾਰ ਰਿਪੋਰਟ

ਗੁਰੂਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵੱਲੋਂ ਆਈ.ਕਿਊ.ਏ.ਸੀ. ਅਤੇ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ 27 ਨਵੰਬਰ 2025 ਨੂੰ "ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਅਤੇ ਸ਼ਹੀਦੀ" ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਵੇਰੇ 9.00 ਵਜੇ ਰਜਿਸਟ੍ਰੇਸ਼ਨ ਨਾਲ ਹੋਈ। ਵਿਦਿਆਰਥੀਆਂ ਨੇ ਆਪਣਾ ਨਾਮ, ਜਮਾਤ, ਰੋਲ ਨੰਬਰ ਅਤੇ ਹਸਤਾਖਰ ਦਰਜ ਕੀਤੇ। ਸਵੇਰੇ 10.00 ਵਜੇ ਕਾਲਜ ਸ਼ਬਦ "ਦੇਹਿ ਸਿਵਾ ਬਰੁ ਮੋਹਿ ਇਹੈ..." ਦੇ ਗਾਇਨ ਨਾਲ ਸੈਮੀਨਾਰ ਦੀ ਵਿਧੀਵਤ ਸ਼ੁਰੂਆਤ ਹੋਈ। ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਨੇ ਮੁੱਖ ਬੁਲਾਰਿਆਂ ਦੀ ਜਾਣ-ਪਛਾਣ ਕਰਵਾਈ। ਆਈ.ਕਿਊ.ਏ.ਸੀ. ਕੋਆਰਡੀਨੇਟਰ ਡਾ. ਮਿੰਨੂ ਚੱਢਾ ਨੇ ਦੋਵੇਂ ਬੁਲਾਰਿਆਂ ਦਾ ਸਵਾਗਤ ਕਰਦਿਆਂ ਗੁਰੂ ਤੇਗ਼ ਬਹਾਦਰ ਜੀ ਦੇ ਨਿਰਭੈ, ਨਿਸ਼ਕਾਮ ਅਤੇ ਮਨੁੱਖਤਾ-ਪ੍ਰੇਮੀ ਜੀਵਨ ਤੋਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।

ਪਹਿਲੇ ਮੁੱਖ ਬੁਲਾਰੇ ਡਾ. ਬਲਜੀਤ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਦੇ ਆਦਰਸ਼ਾਂ, ਧਰਮ ਲਈ ਅਟੁੱਟ ਨਿਸ਼ਠਾ, ਮਨੁੱਖਤਾ ਲਈ ਬਲੀਦਾਨ ਅਤੇ ਸਭ ਧਰਮਾਂ ਦੀ ਆਜ਼ਾਦੀ ਦੇ ਸਿਧਾਂਤਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਸੱਚੇ ਸੌਦੇ ਤੋਂ ਸ਼ੁਰੂ ਕਰਕੇ ਤਿਆਗ ਅਤੇ ਬਲੀਦਾਨ ਦੇ ਸੰਕਲਪ ਨੂੰ ਸਮਝਾਇਆ। ਗੁਰੂ ਸਾਹਿਬ ਦੀ ਬਾਣੀ ਰਾਹੀਂ ਖ਼ੁਸ਼ ਰਹਿਣ, ਨਿਰਭੈ ਹੋਣ, ਜੀਵਨ ਦੀ ਅਸਥਿਰਤਾ, ਮਾਇਆ ਦੇ ਮੋਹ ਅਤੇ ਨਾਮ ਦੀ ਮਹਿਮਾ ਬਾਰੇ ਵੀ ਜਾਣਕਾਰੀ ਦਿੱਤੀ।

ਦੂਜੇ ਮੁੱਖ ਬੁਲਾਰੇ ਡਾ. ਗੁਰਵਿੰਦਰ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਦੇ ਜਨਮ ਤੋਂ ਸ਼ਹਾਦਤ ਤੱਕ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਅਤੇ ਉਨ੍ਹਾਂ ਨਾਲ ਸ਼ਹਾਦਤ ਪਾਉਣ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਬਲੀਦਾਨ ਬਾਰੇ ਵੀ ਦੱਸਿਆ। ਉਨ੍ਹਾਂ ਨੇ ਪੀ.ਪੀ.ਟੀ. ਰਾਹੀਂ ਆਪਣੀ ਪੇਸ਼ਕਾਰੀ ਕੀਤੀ। ਸੈਮੀਨਾਰ ਵਿੱਚ ਬੀ.ਐੱਡ., ਐੱਮ.ਐੱਡ. ਅਤੇ ਪੀ.ਜੀ. ਡਿਪਲੋਮਾ ਇਨ ਗਾਈਡੈਂਸ ਐਂਡ ਕਾਊਂਸਲਿੰਗ ਦੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੇ ਭਾਗ ਲਿਆ। ਵਿਚਾਰ-ਵਟਾਂਦਰੇ ਦੌਰਾਨ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਦਰਸਾਈ ਸੰਤੁਲਿਤ ਸ਼ਖ਼ਸੀਅਤ, ਧੀਰਜ, ਸਹਿਨਸ਼ੀਲਤਾ ਅਤੇ ਮਨੁੱਖਤਾ ਦੇ ਸਿਧਾਂਤਾਂ 'ਤੇ ਵਿਚਾਰ ਸਾਂਝੇ ਕੀਤੇ ਗਏ।

 

ਦੁਪਹਿਰ ਦੇ ਭੋਜਨ ਤੋਂ ਬਾਅਦ ਮਾਹਿਰਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ, ਜੀਵਨ-ਦਰਸ਼ਨ ਅਤੇ ਮਨੁੱਖਤਾ ਲਈ ਕੀਤੇ ਬਲੀਦਾਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਹ ਸੈਸ਼ਨ ਬਹੁਤ ਹੀ ਰੁਚਿਕਰ ਅਤੇ ਗਿਆਨਵਰਧਕ ਰਿਹਾ।

ਸਮਾਗਮ ਦੇ ਅੰਤ ਵਿੱਚ ਡਾ. ਜਗਜੀਤ ਸਿੰਘ ਨੇ ਰਸਮੀ ਧੰਨਵਾਦ ਕੀਤਾ ਅਤੇ ਧਾਰਮਿਕ ਗੀਤ "ਗੁਰੂ ਤੇਗ਼ ਬਹਾਦਰ ਪਿਆਰਾ ਦਿੱਲੀ ਦੇ ਦਿਲ ਵਿੱਚ ਬੋਲਿਆ..." ਨਾਲ ਸੈਮੀਨਾਰ ਦੀ ਸਮਾਪਤੀ ਕੀਤੀ। ਦੋਵੇਂ ਮੁੱਖ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ ਅਤੇ ਯਾਦਗਾਰੀ ਤਸਵੀਰਾਂ ਕਰਵਾਈਆਂ ਗਈਆਂ।

ਕਾਲਜ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਆਈ.ਕਿਉ.ਏ.ਸੀ. ਕੋਆਰਡੀਨੇਟਰ ਡਾ. ਮਿੰਨੂ ਚੱਢਾ ਅਤੇ ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਨੂੰ ਸਮਾਗਮ ਦੇ ਸਫ਼ਲ ਆਯੋਜਨ ਲਈ ਵਧਾਈ ਦਿੱਤੀ। ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੀ ਵੰਡੇ ਗਏ।

ਸੈਮੀਨਾਰ ਨਾਲ ਸਬੰਧਿਤ ਖ਼ਬਰ 28 ਨਵੰਬਰ 2025 ਨੂੰ ਰੋਜ਼ਾਨਾ ਸਪੋਕਸਮੈਨ, ਪੰਜਾਬੀ ਜਾਗਰਣ, ਦੇਸ਼ ਪ੍ਰਦੇਸ਼ ਟਾਈਮਜ਼ ਅਤੇ ਜਗਬਾਣੀ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਈ।

# ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਤ ਵਿਸ਼ੇਸ਼ ਸੈਮੀਨਾਰ ਕਰਵਾਇਆ



ਸੈਮੀਨਾਰ ਦੇ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਟ ਕਰ ਕੇ ਸਨਮਾਨਤ ਕਰਦੇ ਹੋਏ।

ਰਾਏਕੋਟ, 27 ਨਵੰਬਰ (ਜਸਵੰਤ ਸਿੰਘ ਸਿੱਧੂ): ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸਧਾਰ ਵਿਖੇ ਉੱਚ ਸਿੱਖਿਆ ਵਿਭਾਗ, ਪੰਜਾਬ ਦੀ ਸਰਪ੍ਰਸਤੀ ਹੇਠ ਕਾਲਜ ਦੇ ਆਈ.ਕਿਊ.ਏ.ਸੀ. ਅਤੇ ਪੰਜਾਬੀ ਸਾਹਿਤ ਸਭਾ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ 'ਸ੍ਰੀ ਗੁਰੂ ਤੇਗ ਬਹਾਦਰ ਜੀ : ਦਾ ਜੀਵਨ ਅਤੇ ਸ਼ਹੀਦੀ' ਵਿਸ਼ੇ ਤੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਜੀ. ਐਚ. ਜੀ. ਖਾਲਸਾ ਕਾਲਜ ਦੇ ਇਤਿਹਾਸ ਵਿਭਾਗ ਤੋਂ ਸਹਾਇਕ ਪ੍ਰੋਫੈਸਰ ਡਾ. ਬਲਜੀਤ ਸਿੰਘ ਵਿਰਕ ਅਤੇ ਜੀ. ਐਚ. ਜੀ. ਹਰਪ੍ਰਕਾਸ਼ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਸਿੱਧਵਾਂ ਖੁਰਦ ਦੇ ਪੰਜਾਬੀ ਵਿਭਾਗ ਤੋਂ ਡਾ. ਗੁਰਵਿੰਦਰ ਸਿੰਘ ਸਨ। ਸਮਾਗਮ ਦੀ ਸ਼ੁਰੂਆਤ ਕਾਲਜ ਸ਼ਬਦ ਦੇ ਸਮੂਹਿਕ ਗਾਇਨ ਨਾਲ ਕੀਤੀ ਗਈ। ਪੰਜਾਬੀ ਵਿਭਾਗ ਤੋਂ ਡਾ. ਜਸਜੀਤ ਸਿੰਘ ਨੇ ਮੁੱਖ ਮਹਿਮਾਨ ਬਾਰੇ ਜਾਣ-ਪਛਾਣ ਕਰਵਾਈ ਅਤੇ ਸਾਰੇ ਸਟਾਫ ਅਤੇ ਵਿਦਿਆਰਥੀਆਂ ਵਲੋਂ ਫੁੱਲਾਂ ਦੇ ਗੁਲਦਸਤਿਆਂ ਨਾਲ ਐਂਡ ਦੇ ਦੋਵਾਂ ਮੁੱਖ ਬੁਲਾਰਿਆਂ ਦਾ ਸਵਾਗਤ ਕੀਤਾ ਗਿਆ। ਕਾਲਜ ਦੇ ਆਈ.ਕਿਊ.ਏ.ਸੀ. ਕੋਆਰਡੀਨੇਟਰ ਡਾ. ਮੰਨੂ ਚੱਢਾ ਨੇ ਦੋਵੇਂ ਬੁਲਾਰਿਆਂ ਨੂੰ ਰਸਮੀ ਤੌਰ 'ਤੇ 'ਜੀ ਆਇਆਂ' ਕਹਿੰਦੇ ਹੋਏ ਸਮਾਗਮ ਦੀ ਵਿਸ਼ੇਸ਼ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਦੇ ਨਿਰਭੈ, ਨਿਰਸਵਾਰਥ ਤੇ ਮਨੁੱਖਤਾ-ਪ੍ਰੇਮੀ ਜੀਵਨ ਬਾਰੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਬਲਜੀਤ ਸਿੰਘ ਵਿਰਕ ਨੇ ਗੁਰੂ ਤੇਗ ਬਹਾਦਰ ਜੀ ਦੇ ਆਦਰਸ਼ਾਂ, ਧਰਮ ਲਈ ਅਟੁੱਟ ਨਿਸ਼ਠਾ, ਮਨੁੱਖਤਾ ਲਈ ਬਲਿਦਾਨ, ਅਤੇ ਸਭ ਧਰਮਾਂ ਦੀ ਆਜ਼ਾਦੀ ਦੇ ਸਿਧਾਂਤਾਂ ਬਾਰੇ ਡੂੰਘੇ ਤੌਰ ਤੇ ਚਰਚਾ ਕੀਤੀ। ਡਾ. ਗੁਰਵਿੰਦਰ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਜਨਮ ਤੋਂ ਸ਼ਹਾਦਤ ਤੱਕ ਦੇ ਸਫ਼ਰ ਨੂੰ ਬਾਣੀ ਨਾਲ ਜੋੜ ਕੇ ਬਹੁਤ ਵਧੀਆ ਜਾਣਕਾਰੀ ਦਿੱਤੀ। ਸੈਮੀਨਾਰ ਵਿੱਚ ਬੀ. ਐਡ., ਐਮ. ਐਡ. ਅਤੇ ਪੀ. ਜੀ. ਡਿਪਲੋਮਾ ਇਨ ਗਾਈਡੈਂਸ ਐਂਡ ਕਾਊਂਸਲਿੰਗ ਦੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੇ ਹਿੱਸਾ ਲਿਆ। ਕਾਲਜ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਡਾ. ਮੰਨੂ ਚੱਢਾ ਅਤੇ ਡਾ. ਜਸਜੀਤ ਸਿੰਘ ਨੂੰ ਸਮਾਗਮ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ। ਸਮਾਗਮ ਦੇ ਅੰਤ ਵਿੱਚ ਡਾ. ਜਸਜੀਤ ਸਿੰਘ ਨੇ ਰਸਮੀ ਧੰਨਵਾਦ ਕਰਦੇ ਹੋਏ ਇੱਕ ਧਾਰਮਿਕ ਗੀਤ ਗੁਰੂ ਤੇਗ ਬਹਾਦਰ ਪਿਆਰਾ ਦਿੱਲੀ ਦੇ ਦਿਲ ਵਿੱਚ ਵੱਸਿਆ ਨਾਲ ਸੈਮੀਨਾਰ ਦੀ ਸਮਾਪਤੀ ਕੀਤੀ।

# 'ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸ਼ਹੀਦੀ' ਵਿਸ਼ੇ 'ਤੇ ਸੈਮੀਨਾਰ

## ਸ਼ਬਦ ਦੇ ਸਮੂਹਿਕ ਗਾਇਨ ਨਾਲ ਕੀਤੀ ਗਈ ਸਮਾਗਮ ਦੀ ਸ਼ੁਰੂਆਤ



# ਜੀ.ਐਚ.ਜੀ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਦਾ ਆਯੋਜਨ



**24-11-2025**

**ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ 'ਰਾਸ਼ਟਰੀ ਲਾਇਬ੍ਰੇਰੀ ਹਫ਼ਤੇ' ਨੂੰ ਸਮਰਪਿਤ ਵਿਚਾਰ-ਗੋਸ਼ਟ ਦਾ ਆਯੋਜਨ**

ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਵੱਲੋਂ ਰਾਸ਼ਟਰੀ ਲਾਇਬ੍ਰੇਰੀ ਹਫ਼ਤਾ (14-20 ਨਵੰਬਰ) ਦੇ ਉਦੇਸ਼ ਨੂੰ ਮੁੱਖ ਰੱਖਦਿਆਂ (ਕਿਤਾਬੀ ਰੁਝਾਨ ਤੇ ਨਵੀਂ ਪੀੜ੍ਹੀ - ਇੱਕ ਵਿਚਾਰ ਵਟਾਂਦਰਾ) ਵਿਸ਼ੇ ਤੇ ਅੱਜ ਇੱਕ ਮਹੱਤਵਪੂਰਨ ਸਮਾਗਮ ਆਯੋਜਿਤ ਕੀਤਾ ਗਿਆ। ਇਸ ਵਿਸ਼ੇਸ਼ ਮੌਕੇ ਤੇ ਮਸ਼ਹੂਰ ਮਿੰਨੀ ਕਹਾਣੀਕਾਰ ਸ. ਰਘਬੀਰ ਸਿੰਘ ਮਹਿਮੀ, ਮੀਤ ਪ੍ਰਧਾਨ, ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਨੇ ਮੁੱਖ ਬੁਲਾਰੇ ਵਜੋਂ ਹਾਜ਼ਰੀ ਭਰੀ। ਸਮਾਗਮ ਦੀ ਸ਼ੁਰੂਆਤ ਕਾਲਜ ਸ਼ਬਦ ( ਦੇਹ ਸਿਵਾ ਬਰ ਮੋਹਿ ਇਹੈ) ਗਾਇਨ ਨਾਲ ਕੀਤੀ ਗਈ। ਇਸ ਤੋਂ ਬਾਅਦ ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਨੇ ਮੁੱਖ ਮਹਿਮਾਨ ਬਾਰੇ ਜਾਣ-ਪਛਾਣ ਕਰਵਾਈ ਅਤੇ ਪ੍ਰਿੰਸੀਪਲ ਸਾਹਿਬ, ਸਟਾਫ ਅਤੇ ਵਿਦਿਆਰਥੀਆਂ ਵਲੋਂ ਫੁੱਲਾਂ ਦੇ ਗੁਲਦਸਤਿਆਂ ਨਾਲ ਅੱਜ ਦੇ ਮੁੱਖ ਬੁਲਾਰੇ ਦਾ ਸਵਾਗਤ ਕੀਤਾ ਗਿਆ। ਰਸਮੀ ਸਵਾਗਤ ਤੋਂ ਬਾਅਦ ਰਘਬੀਰ ਸਿੰਘ ਮਹਿਮੀ ਨੇ ਕਿਤਾਬਾਂ ਦੀ ਬਦਲਦੀ ਮਹੱਤਤਾ, ਡਿਜਿਟਲ ਯੁੱਗ ਦੀਆਂ ਚੁਣੌਤੀਆਂ ਅਤੇ ਪੜ੍ਹਨ ਸੰਸਕਾਰ ਨੂੰ ਮਜ਼ਬੂਤ ਕਰਨ ਬਾਰੇ ਆਪਣੇ ਵਿਚਾਰ ਵਿਸਥਾਰ ਨਾਲ ਪੇਸ਼ ਕੀਤੇ, ਜਿਨ੍ਹਾਂ ਨੂੰ ਬੀ.ਐਡ, ਐਮ.ਐਡ ਅਤੇ ਪੀ.ਜੀ. ਡਿਪਲੋਮਾ ਇੰਨ ਗਾਈਡੈਂਸ ਐਂਡ ਕਾਉਂਸਲਿੰਗ ਦੇ ਵਿਦਿਆਰਥੀਆਂ ਨੇ ਬੜੇ ਧਿਆਨ ਨਾਲ ਸੁਣਿਆ। ਉਨ੍ਹਾਂ ਦੀਆਂ ਗੱਲਾਂ ਨੇ ਵਿਦਿਆਰਥੀਆਂ ਵਿਚ ਕਿਤਾਬ ਨਜ਼ਦੀਕ ਲਿਆਉਣ ਦੀ ਪ੍ਰੇਰਣਾ ਜਗਾਈ ਅਤੇ ਆਪਣੇ ਸਮਰੱਥ ਤੇ ਸਰਗਰਮ ਸਾਹਿਤਕ ਅਨੁਭਵਾਂ ਰਾਹੀਂ ਨਵੀਂ ਪੀੜ੍ਹੀ ਵਿੱਚ ਕਿਤਾਬਾਂ ਪ੍ਰਤੀ ਘੱਟਦੇ ਰੁਝਾਨ ਬਾਰੇ ਡੂੰਘੀਆਂ ਵਿਚਾਰ ਸਾਂਝਾਂ ਕੀਤੀਆਂ। ਉਨ੍ਹਾਂ ਕਿਹਾ ਕਿ ਕਿਤਾਬ ਉਹ ਦੀਵਾ ਹੇ ਜੋ ਸਾਡੇ ਹਨੇਰੇ ਮਨਾਂ ਚ ਰੋਸ਼ਨੀ ਪੈਦਾ ਕਰਦਾ ਹੈ। ਕਿਤਾਬਾਂ ਸਾਡੀਆਂ ਦੋਸਤ ਹਨ, ਸਾਡੇ ਮਾਪੇ ਹਨ, ਇੱਥੋਂ ਤੱਕ ਸਾਡੇ ਗੁਰੂ ਹਨ ਜਿਨਾਂ ਨੂੰ ਪੜ ਕੇ, ਜਿਨ੍ਹਾਂ ਤੋਂ ਸਿੱਖਿਆ ਲੈ ਕੇ ਇੱਕ ਵਿਦਿਆਰਥੀ ਡਾਕਟਰ, ਇੰਜੀਨੀਅਰ, ਸਾਇੰਸਦਾਨ,ਨੇਡਾ, ਲੇਖਕ, ਅਧਿਆਪਕ, ਪ੍ਰੋਫੈਸਰ ਆਦਿ ਬਣਦਾ ਹੈ। ਇਸ ਤੋਂ ਬਾਅਦ ਹਰਦੀਪ ਸਿੰਘ ਨੇ ਕਿਤਾਬਾਂ ਪੜਨ ਦੀ ਆਦਤ ਨੂੰ ਮਨੁੱਖੀ ਵਿਕਾਸ ਅਤੇ ਚਿੰਤਨ ਦੀ ਪੱਕੀ ਨੀਂਹ ਦੱਸਦਿਆ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਰਛਪਾਲ ਸਿੰਘ ਨੇ ਵੀ ਕਿਤਾਬਾਂ ਦੀ ਲੋੜ, ਲਾਇਬ੍ਰੇਰੀਆਂ ਦੇ ਮਹੱਤਵ ਅਤੇ ਗਿਆਨ ਪ੍ਰਾਪਤੀ ਦੇ ਸਰੋਤਾਂ ਬਾਰੇ ਮਹੱਤਵਪੂਰਨ ਵਿਚਾਰ ਪੇਸ਼ ਕੀਤੇ। ਸਮਾਗਮ ਦੇ ਅੰਤ ਵਿੱਚ ਕਾਲਜ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਵਲੋਂ ਰਸਮੀ ਧੰਨਵਾਦ ਪ੍ਰਗਟਾਇਆ ਗਿਆ, ਜਿਸ ਵਿਚ ਉਨ੍ਹਾਂ ਨੇ ਅੱਜ ਦੇ ਮੁੱਖ ਬੁਲਾਰੇ ਰਘਬੀਰ ਸਿੰਘ ਮਹਿਮੀ ਦਾ ਧੰਨਵਾਦ ਕੀਤਾ। ਉਨਾਂ ਕਾਲਜ ਦੀ ਲਾਇਬ੍ਰੇਰੀ ਵਿਭਾਗ ਤੋਂ ਜਗਤਾਰ ਸਿੰਘ, ਹਰਦੀਪ ਸਿੰਘ ਅਤੇ ਪੰਜਾਬੀ ਵਿਭਾਗ ਤੋਂ

ਡਾ. ਜਗਜੀਤ ਸਿੰਘ ਨੂੰ ਸਮਾਗਮ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ। ਮਹਿਮੀ ਸਾਹਿਬ ਨੂੰ ਇਸ ਅਕਾਦਮਿਕ ਯੋਗਦਾਨ ਲਈ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ।







08-11-2025

**ਨਵੰਬਰ 2025 ਪੰਜਾਬੀ ਮਾਹ ਨੂੰ ਸਮਰਪਿਤ ਬੀ. ਐੱਡ. ਸੁਧਾਰ ਕਾਲਜ ਵਿਖੇ ਸਲਾਨਾ ਐਲੂਮਨੀ ਮਿਲਣੀ**

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਵਿਖੇ ਨਵੰਬਰ 2024 ਨੂੰ ਪੰਜਾਬੀ ਮਹੀਨੇ ਵਜੋਂ ਮਨਾਉਂਦੇ ਹੋਏ ਸਲਾਨਾ ਐਲੂਮਨੀ ਐਸੋਸੀਏਸ਼ਨ ਮਿਲਣੀ ਕਰਵਾਈ ਗਈ, ਜਿਸ ਵਿੱਚ 2025 ਤੱਕ ਰਹਿਣ ਵਾਲੇ ਵਿਦਿਆਰਥੀ ਅਤੇ ਅਧਿਆਪਕਾਂ ਨੇ ਹਾਜਰੀ ਲਗਵਾਈ। ਐਲੂਮਨੀ ਸਕੱਤਰ ਡਾ. ਰਛਪਾਲ ਸਿੰਘ ਗਿੱਲ ਨੇ ਦੱਸਿਆ ਕਿ ਇਸ ਵਾਰ ਦੀ ਸਲਾਨਾ ਐਲੂਮਨੀ ਮਿਲਣੀ ਦਾ ਕੇਂਦਰ ਵਿਸ਼ਾ "ਅਜੋਕੀ ਗੀਤਕਾਰੀ ਦਾ ਨੌਜਵਾਨਾਂ ’ਤੇ ਪ੍ਰਭਾਵ" ਹੈ।

ਡਾ. ਜਗਜੀਤ ਸਿੰਘ ਅਤੇ ਵਿਦਿਆਰਥੀਆਂ ਨੇ ਕਾਲਜ ਸ਼ਬਦ 'ਦੇਹ ਸ਼ਿਵ ਬਰ ਮੋਹਿ ਇਹੈ' ਤੋਂ ਸਮਾਰੋਹ ਦੀ ਸ਼ੁਰੂਆਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਕਿਹਾ ਕਿ ਇਹ ਮਿਲਣੀ ਹਰ ਸਾਲ ਨਵੰਬਰ ਵਿੱਚ ਕਰਵਾਈ ਜਾਂਦੀ ਹੈ ਜਿਸ ਵਿਚ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਅਧਿਆਪਕ ਆਪੋ ਆਪਣੇ ਵਿਚਾਰ ਪੇਸ਼ ਕਰਦੇ ਹਨ। ਡਾ. ਗਰਚਾ ਨੇ ਵਿਸ਼ੇਸ਼ ਤੌਰ 'ਤੇ ਅੱਜ ਦੇ ਸਭ ਮਹਿਮਾਨਾਂ ਦਾ ਰਸਮੀ ਸਵਾਗਤ ਕੀਤਾ।

ਇਸ ਮਗਰੋਂ ਸਮਾਗਮ ਦਾ ਮੰਚ ਸੰਚਾਲਨ ਪ੍ਰਭਜੋਤ ਸੋਹੀ ਦੁਆਰਾ ਸੁਚਾਰੂ ਢੰਗ ਨਾਲ ਕੀਤਾ ਗਿਆ। ਅੱਜ ਦੇ ਵਿਸ਼ੇਸ਼ ਬੁਲਾਰੇ ਸ. ਜਗਵਿੰਦਰ ਜੋਧਾ ਨੇ "ਅਜੋਕੀ ਗੀਤਕਾਰੀ ਦਾ ਨੌਜਵਾਨਾਂ ’ਤੇ ਪ੍ਰਭਾਵ" ਵਿਸ਼ੇ ’ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਅਜੋਕੇ ਗੀਤ ਨੌਜਵਾਨ ਮਨੋਵਿਗਿਆਨ ਤੇ ਡੂੰਘਾ ਅਸਰ ਛੱਡ ਰਹੇ ਹਨ ਅਤੇ ਸੰਗੀਤ ਰਾਹੀਂ ਸਮਾਜਕ ਮੁੱਲਾਂ ਦੇ ਸੰਚਾਰ ਦੀ ਲੋੜ ਹੈ। ਇਸ ਮੌਕੇ ਪ੍ਰਸਿੱਧ ਗਾਇਕ ਜੀ. ਐੱਸ. ਪੀਟਰ ਨੇ ਆਪਣੇ ਵਿਚਾਰਾਂ ਨਾਲ ਨਾਲ ਅਰਥਪੂਰਨ ਗੀਤ ਪੇਸ਼ ਕੀਤੇ, ਜਿਨ੍ਹਾਂ ਰਾਹੀਂ ਸੰਗੀਤ ਅਤੇ ਅਰਥਵਾਦੀ ਕਲਾ ਦੇ ਸਬੰਧ ’ਤੇ ਰੌਸ਼ਨੀ ਪਈ। ਧਰਮਿੰਦਰ ਮਸਾਣੀ ਨੇ ਸੂਫ਼ੀ ਗਾਇਕੀ ਰਾਹੀਂ ਰੂਹਾਨੀ ਸੁਨੇਹਾ ਪੇਸ਼ ਕਰਦੇ ਹੋਏ ਦਰਸ਼ਕਾਂ ਨੂੰ ਪ੍ਰੇਰਿਤ ਕੀਤਾ ਕਿ ਕਲਾ ਸਿਰਫ ਮਨੋਰੰਜਨ ਨਹੀਂ, ਸਗੋਂ ਆਤਮਕ ਉੱਚਾਈ ਦਾ ਸਾਧਨ ਵੀ ਹੈ। ਸਮਾਗਮ ਦੀ ਪ੍ਰਧਾਨਗੀ ਡਾ. ਸਵਰਨਜੀਤ ਸਿੰਘ ਸਵੀ, ਚੇਅਰਮੈਨ, ਕਲਾ ਪਰਿਸ਼ਦ ਪੰਜਾਬ ਨੇ ਕੀਤੀ। ਉਨ੍ਹਾਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਪੰਜਾਬੀ ਸੰਗੀਤ ਅੱਜ ਵਿਸ਼ਵ ਪੱਧਰ ’ਤੇ ਆਪਣੀ ਪਛਾਣ ਬਣਾਉਂਦਾ ਜਾ ਰਿਹਾ ਹੈ, ਪਰ ਇਸ ਵਿੱਚ ਸੌਂਦਰਯਾਤਮਕਤਾ ਅਤੇ ਨੈਤਿਕਤਾ ਦੀ ਸੰਤੁਲਿਤ ਸਮਝ ਜ਼ਰੂਰੀ ਹੈ। ਸ. ਪ੍ਰਭਜੋਤ ਸਿੰਘ ਸੋਹੀ ਨੇ ਪੰਜਾਬੀ ਦੀਆਂ ਲੱਗਭੱਗ 200 ਕਿਤਾਬਾਂ ਵਿਦਿਆਰਥੀਆਂ ਦੇ ਉਜਲੇ ਭਵਿੱਖ ਲਈ ਕਾਲਜ ਨੂੰ ਦਿੱਤੀਆਂ। ਰਾਸ਼ਟਰੀ ਅਵਾਰਡੀ ਸ. ਸੁਖਦੇਵ ਸਿੰਘ ਰਾਣਾ ਨੇ ਆਪਣੀ ਹੱਥ ਲਿਖਤ ਕਿਤਾਬ 'ਸੋ ਥਾਨੁ ਸੁਹਾਵਾ' ਕਾਲਜ ਨੂੰ ਭੇਂਟ ਕੀਤੀ।

ਡਾ. ਸੰਤੋਖ ਸਿੰਘ ਗਿੱਲ, ਪ੍ਰਧਾਨ ਐਲੂਮਨੀ ਐਸੋਸੀਏਸ਼ਨ ਨੇ ਸਲਾਨਾ ਰਿਪੋਰਟ ਪੇਸ਼ ਕਰਦੇ ਹੋਏ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਤੇ ਭਵਿੱਖੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਸ ਤੋਂ ਬਾਅਦ ਐਲੂਮਨੀ ਮੈਂਬਰਾਂ ਵੱਲੋਂ ਖੁੱਲ੍ਹੀ ਚਰਚਾ ਕਰਵਾਈ ਗਈ, ਜਿਸ ਵਿੱਚ ਵਿਦਿਆਰਥੀ, ਸਟਾਫ ਅਤੇ ਪੁਰਾਤਨ ਵਿਦਿਆਰਥੀ ਸਭ ਨੇ ਆਪਣੇ

ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਇਹ ਕਾਲਜ ਬਹੁਤ ਸਾਰੇ ਸਕੂਲਾਂ ਅਤੇ ਕਾਲਜਾਂ ਨੂੰ ਅਣਗਿਣਤ ਅਧਿਆਪਕ ਅਤੇ ਪ੍ਰਿੰਸੀਪਲ ਦੇ ਚੁੱਕਾ ਹੈ, ਇਸ ਲਈ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਹ ਕਾਲਜ ਵਧਾਈ ਦਾ ਪਾਤਰ ਹੈ।

ਇਹ ਸਾਰਾ ਸਮਾਗਮ ਸੰਗੀਤ, ਵਿਚਾਰ ਤੇ ਅਕਾਦਮਿਕ ਚਰਚਾ ਦਾ ਸੁੰਦਰ ਮਿਲਾਪ ਰਿਹਾ। ਇਹ ਸਮਾਗਮ ਨਾ ਸਿਰਫ ਸੰਗੀਤ ਪ੍ਰੇਮੀਆਂ ਲਈ ਪ੍ਰੇਰਣਾਦਾਇਕ ਰਿਹਾ, ਸਗੋਂ ਨੌਜਵਾਨਾਂ ਨੂੰ ਪੰਜਾਬੀ ਸੱਭਿਆਚਾਰ, ਕਲਾ ਅਤੇ ਸੰਗੀਤ ਦੀ ਅਸਲ ਰੂਹ ਨਾਲ ਜੋੜਨ ਵਾਲਾ ਇਕ ਅਰਥਪੂਰਨ ਉਪਰਾਲਾ ਸਾਬਤ ਹੋਇਆ। ਸਮਾਪਤੀ ’ਤੇ ਡਾ. ਰਛਪਾਲ ਸਿੰਘ ਗਿੱਲ, ਸਕੱਤਰ ਐਲੂਮਨੀ ਐਸੋਸੀਏਸ਼ਨ ਨੇ ਸਾਰੇ ਮਹਿਮਾਨਾਂ, ਵਿਅਖਿਆਤਾਵਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਇਸ ਆਯੋਜਨ ਵਿੱਚ ਕਾਲਜ ਦੇ 1966-67 ਤੋਂ 2025 ਤੱਕ ਦੇ 170 ਮੈਂਬਰ ਸਹਿਬਾਨਾਂ ਨੇ ਭਾਗ ਲਿਆ। ਕਾਲਜ ਦੇ ਕੁਝ ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਆਪੋ-ਆਪਣੇ ਵਿਚਾਰ ਮੰਚ ’ਤੇ ਪੇਸ਼ ਕੀਤੇ ਜਿਹਨਾ ਵਿੱਚ ਰਾਸ਼ਟਰੀ ਅਵਾਰਡੀ ਪ੍ਰਿੰ. ਸੁਖਦੇਵ ਸਿੰਘ ਰਾਣਾ, ਦਲਬੀਰ ਕੁਮਾਰ, ਮਨਜੀਤ ਸਿੰਘ ਬੱਧਣ, ਤਜਿੰਦਰ ਸਿਘ ਬਾਜ਼, ਡਾ. ਪਰਦੀਪ ਕੁਮਾਰ, ਸ. ਨਾਜਰ ਸਿੰਘ, ਡਾ. ਜਗਜੀਤ ਸਿੰਘ ਬਰਾੜ, ਡਾ. ਐੱਚ. ਐੱਸ. ਬਰਾੜ, ਡਾ. ਐੱਮ. ਐੱਸ. ਤੂਰ, ਡਾ. ਸਰਬਜੀਤ ਰਾਣੂ ਆਦਿ ਹਾਜਰ ਸਨ।

ਸਮੁੱਚੇ ਪ੍ਰੋਗਰਾਮ ਵਿੱਚ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਅਤੇ ਡਾ. ਰਛਪਾਲ ਸਿੰਘ ਨੇ ਮੰਚ ਸੰਚਾਲਨ ਕੀਤਾ। ਇਸ ਮੌਕੇ ਜੀ. ਐੱਚ. ਜੀ. ਖ਼ਾਲਸਾ ਗਵਰਨਿੰਗ ਕੌਂਸਲ ਦੇ ਸਕੱਤਰ ਡਾ. ਐੱਸ. ਐੱਸ. ਥਿੰਦ, ਮੈਂਬਰ ਗਵਰਨਿੰਗ ਕੌਂਸਲ ਸ. ਚਰਨਜੀਤ ਸਿੰਘ ਗਿੱਲ ਨੇ ਪ੍ਰਿੰਸੀਪਲ ਡਾ. ਗਰਚਾ ਤੇ ਐਲੂਮਨੀ ਸਕੱਤਰ ਡਾ. ਰਛਪਾਲ ਸਿੰਘ ਗਿੱਲ ਨੂੰ ਅਜਿਹਾ ਅਨੋਖਾ ਵਿਸ਼ਾ ਚੁਣਨ ਅਤੇ ਸੁਚੱਜੇ ਢੰਗ ਨਾਲ ਐਲੂਮਨੀ ਮਿਲਣੀ ਕਰਵਾਉਣ ’ਤੇ ਵਧਾਈ ਦਿੱਤੀ। ਅਖੀਰ ਵਿੱਚ ਰਾਸ਼ਟਰੀ ਗੀਤ ਦੀ ਧੁਨੀ ਨਾਲ ਪ੍ਰੋਗਰਾਮ ਸੰਪੰਨ ਕੀਤਾ ਗਿਆ।



## ਸੁਧਾਰ ਵਿਖੇ ਐਲੂਮਨੀ ਮੀਟ ਕੱਲ੍ਹ

07-Nov-2025

